ਪਾਕਿਸਤਾਨੀ ਨਾਵਲ 'ਭੁੱਬਲ'

24.11.96

ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ

ਫ਼ਰਜ਼ੰਦ ਅਲੀ ਦਾ ਇਹ ਨਾਵਲ ਪੰਜਾਬੀ ਸਾਹਿਤ ਵਿਚ ਨਿੱਗਰ ਵਾਧਾ ਹੈ। ਇਹ ਇਕ ਹੱਡ-ਬੀਤੀ ਨਾਵਲ ਹੈ। ਨਾਵਲਕਾਰ ਪੰਜਾਬ ਤੇ ਪੰਜਾਬੀ ਦੇ ਉਘੇ ਲੋਕ ਸ਼ਾਇਰ ਉਸਤਾਦ ਦਾਮਨ ਦਾ ਚਹੇਤਾ ਸ਼ਾਗਿਰਦ ਤੇ ਅਜ਼ੀਜ਼ ਸੀ। ਇਹ ਨਾਵਲ ਇਕ ਤਰ੍ਹਾਂ ਉਸਤਾਦ ਦਾਮਨ ਦੀ ਜੀਵਨ ਗਾਥਾ ਹੈ। ਪਾਕਿਸਤਾਨੀ ਪੰਜਾਬੀ ਅਦਬੀ ਬੋਰਡ ਲਾਹੌਰ ਦੀ ਇਹ ਦੇਣ ਹੈ। ਪਿਆਰਾ ਸਿੰਘ ਸਹਿਰਾਈ ਨੇ ਇਹਨੂੰ ਲਿਪੀਅੰਤਰ ਕੀਤਾ ਹੈ ਅਤੇ ਨਵਯੁਗ ਪਬਲਿਸ਼ਰਜ਼ ਦਿੱਲੀ ਵਲੋਂ ਇਹ ਛਾਪਿਆ ਗਿਆ ਹੈ। ਨਾਵਲ ਪੜ੍ਹ ਕੇ ਸਵਾਦ ਸਵਾਦ ਹੋਣ ਦਾ ਅਹਿਸਾਸ ਹੁੰਦਾ ਹੈ। ਏਨੀ ਮਿੱਠੀ ਤੇ ਪਿਆਰੀ ਪੰਜਾਬੀ ਬੋਲੀ ਕਦੀ ਕਦੀ ਹੀ ਪੜ੍ਹਨ ਨੂੰ ਮਿਲਦੀ ਹੈ।

ਉਸਤਾਦ ਦਾਮਨ ਇਕ ਹਰਮਨਪਿਆਰਾ ਸ਼ਾਇਰ ਹੋਣ ਤੋਂ ਇਲਾਵਾ ਇਕ ਸ਼ਾਨਦਾਰ ਇਨਸਾਨ ਵੀ ਸੀ। ਇਹ ਗੱਲ ਉਹਦੇ ਜੀਵਨ ਉਤੇ ਪੂਰੀ ਤਰ੍ਹਾਂ ਢੁਕਦੀ ਹੈ ਕਿ ਲੇਖਕ ਦੀ ਤਖ਼ਲੀਕ ਅਤੇ ਕਿਰਦਾਰ ਵਿਚ ਅਰਥਾਤ ਉਹਦੀ ਕਹਿਣੀ ਤੇ ਕਰਨੀ ਵਿਚ ਬਹੁਤਾ ਫਰਕ ਨਹੀਂ ਹੋਣਾ ਚਾਹੀਦਾ। ਉਸਤਾਦ ਦਾਮਨ ਉਚੀਆਂ ਸੁੱਚੀਆਂ ਕੀਮਤਾਂ ਦਾ ਧਾਰਨੀ ਸੀ। ਉਹ ਦੇਸ਼ ਦੀ ਆਜ਼ਾਦੀ ਲਈ ਜੂਝਿਆ, ਫਾਕੇ ਕੱਟੇ, ਜੇਲ੍ਹਾਂ ਕੱਟੀਆਂ, ਉਹ ਸਾਰੇ ਦੁਖੜੇ ਭੋਗੇ, ਕੁਝ ਵਧੇਰੇ ਹੀ ਭੋਗੇ ਜੋ ਜੰਗਿ-ਆਜ਼ਾਦੀ ਦੇ ਸੂਰਮਿਆਂ ਦੀ ਹੋਣੀ ਹੁੰਦੇ ਹਨ।

ਉਸਤਾਦ ਦਾਮਨ ਊਚ-ਨੀਚ, ਨਸਲ ਤੇ ਮਜ਼ਹਬ ਦੀਆਂ ਵੰਡੀਆਂ ਤੋਂ ਬਾਹਰ ਇਨਸਾਨੀਅਤ ਦੀ ਸਰਜ਼ਮੀਨ ਉਤੇ ਪੂਰੀ ਆਨ ਤੇ ਸ਼ਾਨ ਨਾਲ ਖ਼ੁਦਦਾਰੀ ਤੇ ਸਵੈ-ਭਰੋਸੇ ਨਾਲ, ਪਰ ਇਹਦੇ ਨਾਲ ਹੀ ਨਿਮਰਤਾ ਤੇ ਹਲੀਮੀ ਵਿਚ ਖਲੋਤੇ ਨਜ਼ਰ ਆਉਂਦੇ ਹਨ। ਉਹ ਸਾਧੂ ਤੇ ਫਕੀਰਾਨਾ ਤਬੀਅਤ ਦੇ ਮਾਲਕ ਸਨ- ਫੱਕੜ, ਬੇਪਰਵਾਹ, ਸੱਜਣਾਂ ਮਿੱਤਰਾਂ ਤੋਂ ਸਭ ਕੁਝ ਵਾਰ ਦੇਣ ਵਾਲੇ। ਉਹ ਜੇ ਜੁੜੇ ਹੋਏ ਸਨ ਤਾਂ ਸਿਰਫ ਆਪਣੀ ਮਾਂ ਬੋਲੀ ਨਾਲ, ਧਰਤੀ ਨਾਲ ਤੇ ਲੋਕਾਂ ਨਾਲ। ਉਹ ਮਾਂ ਬੋਲੀ ਤੋਂ ਨਾਬਰ ਵੱਡੇ ਤੋਂ ਵੱਡੇ ਸਾਹਿਬ ਨੂੰ ਅੱਖਾਂ ਵਿਖਾ ਸਕਦੇ ਸਨ, ਭਰੇ ਜਲਸੇ ਵਿਚ ਉਹਨੂੰ ਠਿਠ ਕਰ ਸਕਦੇ ਸਨ।

ਵੇਲੇ ਦਾ ਵਜ਼ੀਰੇ ਆਜ਼ਮ ਸੁਹਰਾਵਰਦੀ, ਉਸਤਾਦ ਦਾਮਨ ਨੂੰ ਨਿਵਾਜਨ ਲਈ ਖ਼ੁਦ ਚੱਲ ਕੇ ਉਹਦੇ ਬੂਹੇ 'ਤੇ ਆਉਂਦਾ ਹੈ। ਉਹ ਉਸਤਾਦ ਨੂੰ ਕੋਈ ਫਾਇਦਾ ਪੁਚਾਉਣਾ ਚਾਹੁੰਦਾ ਹੈ ਤਾਂ ਅੱਗੋਂ ਉਸਤਾਦ ਮਖੌਲ ਵਿਚ ਆਖਦੇ ਹਨ ''ਸ਼ਰਾਬ ਦੀਆਂ ਦਸ ਬਾਰਾਂ ਪੇਟੀਆਂ ਭੇਜ ਦਿਓ।'' ਸੁਹਰਾਵਰਦੀ ਠਿੱਠ ਹੋ ਕੇ ਬੁੜ ਬੁੜ ਕਰਦਾ ਚਲਿਆ ਜਾਂਦਾ ਹੈ। ਨੂੰਨ ਸਾਹਿਬ ਨੇ ਵਜ਼ੀਫਾ ਦੇਣ ਦੀ ਰੀਝ ਪ੍ਰਗਟ ਕੀਤੀ ਤਾਂ ਜਵਾਬ ਸੀ ''ਲੋਕੀ ਆਖਦੇ ਨੇ ਵਜ਼ੀਫਾ ਲੈਣ ਵਾਲਾ ਮਰ ਜਾਂਦਾ ਏ ਜਾਂ ਵਜ਼ੀਫਾ ਦੇਣ ਵਾਲਾ। ਪਰ ਮੈਂ ਅਜੇ ਮਰਨਾ ਨਹੀਂ ਚਾਹੁੰਦਾ।'' ਵੇਲੇ ਦੀ ਹਕੂਮਤ ਦੇ ਵਜ਼ੀਰ ਚੌਧਰੀ ਜ਼ਹੂਰ ਅਲੀ ਨੇ ਆਖਿਆ, ''ਉਸਤਾਦ ਜੀ, ਪਾਕਿਸਤਾਨੀ ਹਕੂਮਤ ਦਾ ਖਿਆਲ ਏ, ਤੁਸੀਂ ਹਿੰਦੁਸਤਾਨ ਜਾ ਕੇ ਪਾਕਿਸਤਾਨ ਸਫਰਤ ਖਾਨ ਵਲੋਂ ਕੰਮ ਕਰੋ ਤਾਂ ਜੋ ਇਹ ਦੋਹੇਂ ਮੁਲਕਾਂ ਵਿਚ ਸਾਂਝ ਲਈ ਕੁਝ ਬੁਨਿਆਦ ਕਾਇਮ ਹੋਵੇ'' ਤਾਂ ਜਵਾਬ ਸੀ ''ਸਾਂਝ ਦੀ ਬੁਨਿਆਦ ਅਵਾਮ ਹੁੰਦੀ ਏ, ਪਰ ਤੁਹਾਡੀ ਹਕੂਮਤ ਵਿਚ ਅਵਾਮ ਕੋਈ ਨਹੀਂ, ਖਾਸ ਈ ਖਾਸ ਏ।''

ਨਾਵਲ ਫ਼ਰਜ਼ੰਦ ਅਲੀ ਆਪਣੇ ਵਿਆਹ 'ਤੇ ਮਰਾਸੀਆਂ ਦੀ ਗੱਲ ਕਰਦਾ ਹੈ ''ਖਾਰੇ ਲਾਗੇ ਅਸਾਡਾ ਜੱਦੀ ਮਰਾਸੀ ਆ ਖਲੋਤਾ। ਉਸ ਮੇਰੇ ਲੱਥੇ ਲੀੜੇ ਲੈਣੇ ਸਨ ਜਿਹੜੇ ਪਹਿਲਾਂ ਈ ਪਾਟੇ ਤੇ ਪੁਰਾਣੇ ਸਨ। ਕੁਝ ਵੇਲਾਂ ਵੀ ਲੈਣੀਆਂ ਸਨ, ਜਿਹੜੀਆਂ ਸਵਾਣੀਆਂ ਤੇ ਮੇਰੇ ਘਰ ਦਿਆਂ ਦੇਣੀਆਂ ਸਨ। ਮਰਾਸੀ ਮੇਰੇ ਪਿਉ, ਦਾਦੇ ਤੇ ਪੂਰੀ ਜੱਦ ਦੀ ਤਾਰੀਫ ਬਹੁਤ ਕੀਤੀ। ਉਹਦੀ ਤਾਰੀਫ ਤੋਂ ਜਾਪਦਾ ਸੀ ਜਿਵੇਂ ਪੂਰੇ ਇਲਾਕੇ ਵਿਚ ਅਸੀਂ ਤੇ ਅਸਾਡਾ ਕੁਨਬਾ ਉਚੇ ਤੇ ਆਹਲਾ ਲੋਕਾਂ ਦਾ ਏ, ਤੇ ਬਾਕੀ ਜਹਾਨ ਥੱਲੇ ਈ ਥੱਲੇ ਤੇ ਹੀਣਾ ਏ। ਮੈਨੂੰ ਅੰਦਰੋ ਅੰਦਰ ਹਾਸਾ ਵੀ ਆ ਰਿਹਾ ਸੀ ਤੇ ਸ਼ਰਮਿੰਦਗੀ ਵੀ। ਮੈਂ ਸੋਚਿਆ ਜੇ ਸਾਰੇ ਜਗ ਨਾਲੋਂ ਅਸਾਂ ਉਚੇ ਆਂ ਤੇ ਫੇਰ ਨੀਵਾਂ ਕੌਣ ਏ?''

ਪੰਜਾਬੀ ਸਾਹਿਤ ਫਰਜ਼ੰਦ ਅਲੀ ਦਾ, ਜਿਹਨੇ ਉਸਤਾਦ ਦਾਮਨ ਵਰਗੀ ਅਜ਼ੀਮ ਸ਼ਖਸੀਅਤ ਦੇ ਪਾਠਕਾਂ ਨੂੰ ਰੂਬਰੂ ਕੀਤਾ, ਪਿਆਰਾ ਸਿੰਘ ਸਹਿਰਾਈ ਦਾ, ਪ੍ਰੀਤਮ ਸਿੰਘ ਨਵਯੁਗ ਵਾਲਿਆਂ ਦਾ ਅਹਿਸਾਨਮੰਦ ਰਹੇਗਾ।

ਲੋਕ ਪੱਖੀ ਸੰਗੀਤ ਲਈ ਪਲਸ ਮੰਚ ਦਾ ਉਪਰਾਲਾ : ਇਸ ਵੇਲੇ ਗੀਤਾਂ ਦੀਆਂ ਕੈਸਟਾਂ ਦਾ ਇਕ ਵਿਸ਼ੇਸ਼ ਸਭਿਆਚਾਰ ਹੈ। ਪਲਸ ਮੰਚ, ਜਿਹੜਾ ਲੋਕ ਪੱਖੀ ਸਭਿਆਚਾਰ ਦਾ ਧਾਰਨੀ ਹੈ, ਉਹਨੇ ਇਕ ਸੰਗੀਤ ਟਰਸਟ ਬਣਾਉਣ ਦਾ ਫੈਸਲਾ ਕੀਤਾ ਹੈ ਤਾਂ ਜੋ ਲੋਕ ਪੱਖੀ ਗੀਤਾਂ ਅਤੇ ਸਾਹਿਤਕ ਗੀਤਾਂ ਨੂੰ ਵੱਡੇ ਪੈਮਾਨੇ 'ਤੇ ਲੋਕਾਂ ਵਿਚ ਲਿਆਂਦਾ ਜਾਏ। ਇਸ ਟਰਸਟ ਦੀ ਮੁੱਢਲੀ ਮੀਟਿੰਗ ਬਾਬਾ ਆਲਾ ਸਿੰਘ ਪਾਰਕ ਬਰਨਾਲਾ ਵਿਚ ਪਹਿਲੀ ਦਸੰਬਰ, ਸਵੇਰੇ 10 ਵਜੇ ਹੋ ਰਹੀ ਹੈ। ਪੰਜਾਬ ਭਰ ਤੋਂ ਲੋਕ ਪੱਖੀ ਸੰਗੀਤ ਦੇ ਚਾਹਵਾਨ ਇਸ ਮੀਟਿੰਗ 'ਤੇ ਆ ਰਹੇ ਹਨ। ਪਲਸ ਮੰਚ ਦੀ ਵਚਨਬੱਧੀ ਤੋਂ ਜਾਪਣੂ ਇਹ ਉਮੀਦ ਕਰ ਸਕਦੇ ਹਨ ਕਿ ਪਲਸ ਮੰਚ ਆਉਣ ਵਾਲੇ ਸਮੇਂ ਵਿਚ ਇਸ ਦਿਸ਼ਾ ਵੱਲ ਸਾਰਥਕ ਕੰਮ ਕਰ ਸਕੇਗਾ। ਇਸ ਮੀਟਿੰਗ ਲਈ ਹੋਰਨਾਂ ਸਾਰੇ ਲੋਕਾਂ ਨੂੰ ਖੁੱਲ੍ਹਾ ਸੱਦਾ ਹੈ।

24-11-1996